National Research Journal of Social Sciences
Volume-11, Issue-1, January-June 2026
PP: 24-26

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਲੋਕ ਮਨਾਂ 'ਤੇ ਪ੍ਰਭਾਵ

**ਕਮਲਜੀਤ ਕੌਰ**

ਪ੍ਰਿੰਸੀਪਲ

ਗੁਰੂ ਨਾਨਕ ਮਿਸ਼ਨਰੀ ਐਜੂਕੇਸ਼ਨਲ, ਐਂਡ ਚੈਰੀਟੇਬਲ ਟਰੱਸਟ ਲੁਹਾਰਾਂ ਚਾੜ੍ਹਕੇ ਭੋਗਪੁਰ, ਜਲੰਧਰ।

**ਸਾਰ**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਸ਼ਖ਼ਸੀਅਤ ਅਤੇ ਸ਼ਹਾਦਤ ਨੇ ਸਮਕਾਲੀਨ ਸਮਾਜ ਦੇ ਭਵਿੱਖ ਨੂੰ ਬਹੁਤ ਸਾਰੇ ਪੱਖਾਂ ਤੋਂ ਪ੍ਰਭਾਵਿਤ ਕੀਤਾ। ਮਹਾਨ ਵਿਅਕਤੀਆਂ ਦੀਆਂ ਸ਼ਹਾਦਤਾਂ ਹੀ ਇਤਿਹਾਸ ਨੂੰ ਨਵਾਂ ਮੋੜ, ਨਵੀਂ ਦਿਸ਼ਾ ਅਤੇ ਨਵੀਂ ਦਿੱਖ ਪ੍ਰਦਾਨ ਕਰਦੀਆਂ ਹਨ । ਜਿਨ੍ਹਾਂ ਰਾਹੀਂ ਕਿਸੇ ਕੌਮ ਦੀ ਵਿਲੱਖਣ ਪਛਾਣ ਦੀ ਸਿਰਜਣਾ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਿਲੱਖਣ ਅਤੇ ਵਿਸ਼ੇਸ਼ ਅਰਥ ਰੱਖਦੀ ਹੈ , ਉਹਨਾਂ ਦੀ ਸ਼ਹਾਦਤ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਸ਼ਹੀਦੀ ਆਪਣੇ ਨਿੱਜ ਲਈ ਨਹੀਂ ਬਲਕਿ ਮਾਨਵਤਾ ਨੂੰ ਬਚਾਉਣ ਖਾਤਰ ਹੈ। ਇਸ ਗੌਰਵਮਈ ਸ਼ਹਾਦਤ ਨੇ ਨਾ ਕੇਵਲ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਦੂਜੇ ਪਾਸੇ ਪੂਰੇ ਸੰਸਾਰ ਨੂੰ ਹੱਕ ਸੱਚ ਇਨਸਾਫ। ਧਰਮ ਲਈ ਮਰ ਮਿਟਣ ਦਾ ਜਜ਼ਬਾ ਪ੍ਰਦਾਨ ਕੀਤਾ। ਗੁਰੂ ਸਾਹਿਬ ਦੀ ਸ਼ਹਾਦਤ ਉਸ ਸਮੇਂ ਦੇ ਮਜ਼ਲੂਮਾਂ, ਨਿਓਟਿਆਂ, ਨਿਮਾਣਿਆ ਤੇ ਨਿਤਾਣਿਆ ਦੇ ਹਿਰਦੇ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ। ਗੁਰੂ ਸਾਹਿਬ ਦੀ ਕੁਰਬਾਨੀ ਨਾ ਕੇਵਲ ਸਮਕਾਲੀਨ ਸਮਾਜ ਲਈ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ ਸਰੋਤ ਬਣ ਗਈ। ਗੁਰੂ ਜੀ ਦੀ ਕੁਰਬਾਨੀ ਧਾਰਮਿਕ ਆਜ਼ਾਦੀ ਲਈ ਸੀ ਅਤੇ ਹਰ ਉਸ ਜ਼ਬਰ ਜ਼ੁਲਮ ਵਿਰੁੱਧ ਸੀ ਜਿਹੜਾ ਕਿਸੇ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਲਈ ਮਜਬੂਰ ਕਰਦਾ ਹੈ। ਇਹ ਵਿਰੋਧ ਕਿਸੇ ਖ਼ਾਸ ਹਾਕਮ ਵਿਰੁੱਧ ਵੀ ਨਹੀਂ ਸੀ। ਸਿਰਫ਼ ਜ਼ਾਲਮ ਅਤੇ ਜ਼ਬਰ ਢਾਹੁਣ ਵਾਲੇ ਹਾਕਮ ਵਿਰੁੱਧ ਸੀ। ਹਿੰਮਤ ਅਤੇ ਕੁਰਬਾਨੀ ਗੁਰੂ ਤੇਗ ਬਹਾਦਰ ਜੀ ਦਾ ਸਮੇਂ ਦੇ ਜ਼ੋਰਾਵਰ ਹਾਕਮਾਂ ਸਾਹਵੇਂ ਬੇਖੌਫ਼ ਹੋ ਕੇ ਸੱਚ ਕਹਿਣਾ, ਦਲੇਰੀ ਦਿਖਾਉਣਾ ਅਤੇ ਸ਼ਹਾਦਤ ਪ੍ਰਾਪਤ ਕਰਨਾ, ਇੱਕ ਅਜਿਹਾ ਜਜ਼ਬਾ ਸੀ ਜਿਸ ਨੂੰ ਬੇਦਰਦ ਹਾਕਮ ਵੀ ਦੇਖਦਾ ਰਹਿ ਗਿਆ। ਹਾਕਮ ਹੈਰਾਨ ਤੇ ਪਰੇਸ਼ਾਨ ਸੀ ਕਿ ਕੋਈ ਵਿਅਕਤੀ ਕਿਸੇ ਹੋਰ ਧਰਮ ਦੀ ਧਾਰਮਿਕ ਆਜ਼ਾਦੀ ਦੀ ਬਰਕਰਾਰੀ ਲਈ ਆਪਣੀ ਜਾਨ ਕਿਵੇਂ ਕੁਰਬਾਨ ਕਰ ਸਕਦੈ ਅੰਤਰ-ਧਰਮ ਸਦਭਾਵਨਾ ਗੁਰੂ ਤੇਗ ਬਹਾਦਰ ਜੀ ਦਾ ਸਾਰੇ ਧਰਮਾਂ ਪ੍ਰਤੀ ਸਤਿਕਾਰ ਦਾ ਸਿਖਰ ਹੀ ਸੀ ਕਿ ਉਨ੍ਹਾਂ ਨੇ ਹਿੰਦੂ ਧਰਮ ਦੀ ਰਾਖੀ ਲਈ ਆਪਣੀ ਕੁਰਬਾਨੀ ਦਿੱਤੀ। ਗੁਰੂ ਜੀ ਦਾ ਮੰਨਣਾ ਸੀ ਕਿ ਧਰਮ ਨੂੰ ਮੰਨਣਾ, ਰਹੁਰੀਤਾਂ ਅਤੇ ਮਰਿਆਦਾਵਾਂ ਨੂੰ ਅਪਨਾਉਣਾ ਹਰੇਕ ਇਨਸਾਨ ਦਾ ਨਿੱਜੀ ਹੱਕ ਹੈ। ਇਸ ਵਿੱਚ ਕਿਸੇ ਦੀ ਕੋਈ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ 'ਭੈ ਕਾਹੂ ਕੋ ਦੇਤ ਨਾਹਿ ਨਾਹਿ ਭੈ ਮਾਨਤ ਆਨਿ' ਗੁਰੂ ਸਾਹਿਬ ਆਪਣੀ ਸ਼ਹਾਦਤ ਰਾਹੀਂ ਲੋਕ ਮਨ ਅੰਦਰ ਰੋਹ ਦੇ ਭਾਵਾਂ ਨੂੰ ਜਗਾਉਂਦੇ ਹਨ ਤੇ ਇਸਦਾ ਵਿਵਹਾਰਿਕ ਰੂਪ 'ਖਾਲਸਾ ਪੰਥ ਸਾਜਨਾ' ਰਾਹੀਂ ਸਾਡੇ ਸਾਹਮਣੇ ਆਉਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਮਨੁੱਖਤਾ ਅੰਦਰੋ ਨਿਰਬਲਤਾ ਤੇ ਨਿਮਾਣਤਾ ਜਿਹੇ ਭਾਵਾ ਨੂੰ ਸਵੈਮਾਨ ਨਿਡਰਤਾ ਲੜਨ ਤੇ ਮਰਨ ਦਾ ਚਾਓ ਪੈਦਾ ਕਰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਦੁੱਤੀ ਤੇ ਲਾਸਾਨੀ ਹੈ, ਉਹਨਾਂ ਦੇ ਨਾਲ ਸੰਬੰਧਿਤ ਵਿਲੱਖਣ ਪੱਖ ਉਨਾਂ ਦੀ ਸ਼ਖਸ਼ੀਅਤ ਨੂੰ ਸਭ ਨਾਲੋਂ ਲਾਸਾਨੀ ਦਰਸਾਉਂਦੇ ਹਨ। ਹਥਲੇ ਖੋਜ ਪੱਤਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸਮਾਜ ਵਿੱਚ ਵਾਪਰੇ ਰੋਹ ਤੇ ਅਣਖ, ਲੋਕ ਮਨਾਂ ਉੱਤੇ ਪਏ ਪ੍ਰਭਾਵ ਤੇ ਖਾਲਸਾ ਪੰਥ ਦੀ ਸਿਰਜਣਾ ਬਾਰੇ ਵਿਚਾਰਾਂਗੇ। ਇਸ ਪ੍ਰਭਾਵ ਬਾਰੇ ਵੱਖ-ਵੱਖ ਵਿਦਵਾਨ ਆਪਣੇ ਵਿਚਾਰ ਪ੍ਰਗਟਾਉਂਦੇ ਹਨ, ਇਹਨਾਂ ਦੇ ਵਿਚਾਰਾਂ ਦੇ ਅਧਾਰ 'ਤੇ ਵਿਚਾਰਨ ਦੀ ਕੋਸ਼ਿਸ਼ ਇਸ ਖੋਜ ਪੱਤਰ ਵਿੱਚ ਕੀਤੀ ਜਾਵੇਗੀ।

**ਕੁੰਜੀ ਸ਼ਬਦ** : ਸ਼ਹਾਦਤ, ਲੋਕ-ਮਨ, ਨਿਡਰਤਾ, ਭਾਵਾਂ, ਪ੍ਰਭਾਵ, ਧਰਮ, ਵਿਲੱਖਣ।

ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖੀ ਫਰਜ਼ਾਂ ਅਤੇ ਅਧਿਕਾਰਾਂ ਦੇ ਰਖਵਾਲੇ, ਅਡੋਲਤਾ ਦੀ ਮੂਰਤ, ਪਰਉਪਕਾਰੀ, ਦਾਨੀ, ਨਿਡਰ, ਯੋਧੇ, ਕਲਮ ਤੇ ਤੇਗ ਦੇ ਧਨੀ, ਸੰਤ ਸਿਪਾਹੀ, ਸ਼ਹੀਦ, ਕੁਰਬਾਨੀ ਦੇ ਪੁਤਲੇ, ਅਣਥੱਕ ਯਾਤਰੀ, ਮਨੋਵਿਗਿਆਨੀ ਉੱਚ ਸ਼ਖਸ਼ੀਅਤ ਦੇ ਮਾਲਕ ਆਪਣੀ ਸ਼ਹਾਦਤੀ ਸਫ਼ਰ ਦੌਰਾਨ ਲੋਕ ਮਨਾਂ ਉੱਤੇ ਆਪਣਾ ਗਹਿਰਾ ਪ੍ਰਭਾਵ ਛੱਡਦੇ ਹਨ, ਉਨ੍ਹਾਂ ਦੀ ਤੇ ਉਨ੍ਹਾਂ ਦੇ ਸਿੱਖਾਂ ਦੀ ਸ਼ਹਾਦਤ ਸਮਾਜ ਦੇ ਵਿੱਚ ਪ੍ਰਭਾਵਮਈ ਵਾਤਾਵਰਣ ਦੀ ਸਿਰਜਣਾ ਕਰਦੀ ਹੈ, ਜਿਸ ਵਿੱਚ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਮਨੋਵਿਗਿਆਨਕ ਤੌਰ 'ਤੇ ਅਜਿਹਾ ਬਦਲਾਵ ਆਉਂਦਾ ਹੈ, ਜਿਸ ਦੀ ਉਦਾਹਰਣ ਵਿਸ਼ਵ ਪੱਧਰ ਉੱਤੇ ਮਿਲਣੀ ਮੁਸ਼ਕਿਲ ਹੈ। ਅਜਿਹੀਆਂ ਤਬਦੀਲੀ ਵਾਪਰਦੀ ਹੈ ਜਿਹੜੀਆਂ ਸਮੁੱਚੇ ਸਮਾਜ ਵਿੱਚ ਆਪਣੀ ਲਾਸਾਨੀ ਛਾਪ ਛੱਡਦੀ ਹੈ। ਸ਼ਹਾਦਤ ਬਾਰੇ ਡਾ. ਰਤਨ ਸਿੰਘ ਜੱਗੀ ਆਪਣੇ ਵਿਚਾਰ ਪ੍ਰਗਟਾਉਂਦੇ ਹਨ:-

"ਸ਼ਹਾਦਤ ਕਿਸੇ ਧਰਮ ਜਾਂ ਸਮਾਜ ਵਿੱਚ ਜਦੋਂ ਅੱਤਿਆਚਾਰ ਸਿਖਰ ਉੱਤੇ ਪਹੁੰਚ ਜਾਂਦਾ ਹੈ, ਉਦੋਂ ਸੱਭਿਆਚਾਰ ਦੀ ਸਥਾਪਨਾ ਲਈ ਕੋਈ ਯੁੱਗ ਪੁਰਸ਼ ਆਪਣੀ ਸਰੀਰਕ ਆਹੂਤੀ ਦਿੰਦਾ ਹੈ। ਇਸ ਸਾਰੀ ਪ੍ਰਕਿਰਿਆ ਨੂੰ ਸ਼ਹਾਦਤ ਦਾ ਨਾਂ ਦਿੱਤਾ ਜਾਂਦਾ ਹੈ।" [1] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਸ ਸ਼ਹਾਦਤ ਦੇ ਬਹੁਤ ਹੀ ਦੂਰ ਅੰਦੇਸ਼ੀ ਇਤਿਹਾਸਿਕ ਪ੍ਰਭਾਵ ਪਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ [2] ਅਨੁਸਾਰ ਇਸ ਅਦੁੱਤੀ ਸਾਕੇ ਤੋਂ ਬਾਅਦ ਸਮੁੱਚੇ ਜਗਤ ਵਿੱਚ ਹਾਹਾਕਾਰ ਮੱਚ ਗਈ ਅਤੇ ਪਰਾਭੌਤਿਕ ਸੰਸਾਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੈ ਜੈਕਾਰ ਹੋਣ ਲੱਗ ਪਈ। ਇਸ ਸ਼ਹਾਦਤ ਨੇ ਸੁੱਤੀ ਹੋਈ ਲੋਕਾਈ ਨੂੰ ਇੱਕ ਜ਼ਬਰਦਸਤ ਹਲੂਣਾ ਦਿੱਤਾ, ਜਿਸ ਤੋਂ ਬਾਅਦ ਅਨੇਕਾਂ ਥਾਵਾਂ ਤੋਂ ਔਰੰਗਜ਼ੇਬ ਦੀ ਮੁਗ਼ਲ ਹਕੂਮਤ ਦੇ ਖਿਲਾਫ਼ ਵਿਦਰੋਹ ਹੋਣ ਲੱਗ ਪਏ। ਉਸ ਸਮੇਂ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਲੋਕ ਮਨਾਂ ਉੱਤੇ ਸ਼ਹੀਦੀ ਦਾ ਐਨਾ ਪ੍ਰਭਾਵ ਪਿਆ, ਸਾਰਾ ਦੇਸ਼ ਰੋਹ ਦੀ ਅੱਗ ਦੇ ਵਿੱਚ ਧੁਖਣ ਲੱਗ ਪਿਆ। ਸਰ ਗੋਕਲ ਚੰਦ ਨਾਰੰਗ ਲਿਖਦੇ ਹਨ :-


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

"ਜੋ ਜੋ ਕਾਰਨਾਮੇ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਜੀਵਨ ਵਿੱਚ ਕੀਤੇ ਸ਼ਹੀਦੀ ਉਹਨਾਂ ਸਾਰਿਆਂ ਨਾਲੋਂ ਉੱਤਮ ਸੀ। ਉਹਨਾਂ ਦੀ ਵਡਿਆਈ ਨੂੰ ਸਾਰਾ ਭਾਰਤ ਜਾਣਦਾ ਸੀ। ਰਾਜਪੂਤ ਰਾਜਿਆਂ ਦੇ ਦਿਲ ਵਿੱਚ ਗੁਰੂ ਜੀ ਦਾ ਬੜਾ ਸਤਿਕਾਰ ਸੀ। ਪੰਜਾਬ ਦੀ ਪੇਂਡੂ ਵਸੋਂ ਗੁਰੂ ਜੀ ਦੀ ਪੂਜਾ ਕਰਦੀ ਸੀ । ਆਮ ਤੌਰ 'ਤੇ ਉਹ ਹਿੰਦੂਆਂ ਦੇ ਪੀਰ (ਆਗੂ) ਸਮਝੇ ਜਾਂਦੇ ਸਨ।"[3]

ਅੱਗੇ ਚੱਲ ਕੇ ਉਹ ਲਿਖਦੇ ਹਨ "ਸਮੁੱਚੇ ਤੌਰ 'ਤੇ ਹਿੰਦੂਆਂ ਨੇ ਗੁਰੂ ਜੀ ਦੀ ਸ਼ਹੀਦੀ ਨੂੰ ਹਿੰਦੂ ਧਰਮ ਵਾਸਤੇ ਕੀਤੀ ਗਈ ਕੁਰਬਾਨੀ ਸਮਝਿਆ ਸਾਰਾ ਪੰਜਾਬ ਗੁੱਸੇ ਦੇ ਬਦਲੇ ਵੀ ਅੱਗ ਵਿੱਚ ਸੜ੍ਹਨ ਲੱਗ ਪਿਆ ਮਾਝੇ ਤੇ ਮਾਲਵੇ ਦੇ ਦਲੇਰ ਜੱਟ ਕੇਵਲ ਇੱਕ ਆਗੂ ਦੀ ਲੋੜ ਮਹਿਸੂਸ ਕਰਦੇ ਸਨ। ਜਿਸ ਦੀ ਅਗਵਾਈ ਵਿੱਚ ਉਹ ਲੜ ਸਕਣ ਤੇ ਤੇ ਆਪਣੇ ਧਰਮ ਨਾਲ ਹੋਏ ਅੱਤਿਆਚਾਰ ਦਾ ਬਦਲਾ ਲੈ ਸਕਣ ਤੇ ਅਜਿਹਾ ਲੀਡਰ ਉਹਨਾਂ ਨੂੰ ਨੌਜਵਾਨ ਗੁਰੂ ਗੋਬਿੰਦ ਸਿੰਘ ਵਿੱਚ ਮਿਲ ਗਿਆ।"[4] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਇੰਦੂ ਭੂਸ਼ਣ ਬੈਨਰਜੀ ਲਿਖਦੇ ਹਨ "ਔਰੰਗਜ਼ੇਬ ਦੀ ਮਜ਼ਹਬੀ ਨੀਤੀ ਦੇ ਖਿਲਾਫ਼ ਵਿਰੋਧ ਕਰਨ ਵਾਲਿਆਂ ਨੂੰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨੇ ਬਲ ਬਖਸ਼ਿਆ ਤੇ ਨਾਲ ਹੀ ਸਿੱਖਾਂ ਦੇ ਵਿਕਾਸ ਦਾ ਰਸਤਾ ਸਾਫ਼ ਕਰ ਦਿੱਤਾ।"[5] ਗੁਰੂ ਸਾਹਿਬ ਜੀ ਦੀ ਤੇ ਉਹਨਾਂ ਦੇ ਸਿੱਖਾਂ ਦੀ ਸ਼ਹਾਦਤ ਲੋਕਾਈ ਦੇ ਅੰਦਰ ਬਦਲੇ ਦੀ ਭਾਵਨਾ ਨੂੰ ਪ੍ਰਚੰਡ ਕਰਦੀ ਹੈ। ਇਹ ਬਦਲਾ ਰੋਹ ਦੀ ਅਗਨ ਵਿੱਚ ਭੜ੍ਹਕਦਾ ਹੈ। ਪ੍ਰੋ. ਪੂਰਨ ਸਿੰਘ ਲਿਖਦੇ ਹਨ :-

"ਗੁਰੂ ਜੀ ਦੀ ਸ਼ਹਾਦਤ ਪਿੱਛੋਂ ਇੱਕ ਤੂਫ਼ਾਨ ਉੱਠਿਆ ਜੋ ਔਰੰਗਜ਼ੇਬ ਦੀ ਸਲਤਨਤ ਨੂੰ ਸੁੱਕੇ ਹੋਏ ਪੱਤੇ ਵਾਂਗ ਉਡਾ ਕੇ ਲੈ ਗਿਆ।"[6] ਕੰਨਘਿਮ ਲਿਖਦਾ ਹੈ ਗੁਰੂ ਗੋਬਿੰਦ ਸਿੰਘ ਦੇ ਮਨ 'ਤੇ ਪਿਤਾ ਦੀ ਸ਼ਹੀਦੀ ਦਾ ਬਹੁਤ ਅਸਰ ਪਿਆ । ਮੁਲਕ ਦੀ ਨਿੱਘਰੀ ਹੋਈ ਹਾਲਤ ਨੂੰ ਸੁਧਾਰਨ ਵਾਸਤੇ ਉਸ ਬਾਲਕ ਗੁਰੂ ਨੇ ਆਪਣੇ ਆਪ ਨੂੰ ਦਾਉ 'ਤੇ ਲਾ ਦਿੱਤਾ।[7]

ਅਸਲ ਵਿੱਚ ਔਰੰਗਜ਼ੇਬ ਸੋਚ ਰਿਹਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੁੱਚੀ ਕੌਮ ਅੰਦਰ ਰਸਤਾ ਪੈਦਾ ਕਰ ਦੇਵੇਗੀ। ਸਮੁੱਚੀ ਕੌਮ ਆਪਣੇ ਆਪ ਨੂੰ ਬੇਸਹਾਰਾ, ਨਿਮਾਣੀ ਤੇ ਨਿਰਾਸ਼ਾ ਦੇ ਆਲਮ ਦੇ ਵਿੱਚ ਡੁੱਬ ਜਾਵੇਗੀ ਪ੍ਰੰਤੂ ਹੋਇਆ ਇਸ ਦੇ ਬਿਲਕੁਲ ਉਲਟ, ਇਸ ਸ਼ਹੀਦੀ ਦਾ ਸਿੱਖਾਂ ਨੇ ਆਪਣੇ ਵੱਲੋਂ ਆਪਣੇ ਢੰਗ ਨਾਲ ਪ੍ਰਤੀਕਰਮ ਕੀਤਾ ਜਿਸਦੀ ਔਰੰਗਜ਼ੇਬ ਨੂੰ ਉਮੀਦ ਵੀ ਨਹੀਂ ਸੀ। ਇਸ ਬਾਰੇ ਪ੍ਰਿੰ. ਸਤਿਬੀਰ ਸਿੰਘ ਨੇ ਬਾਖੂਬੀ ਬਿਆਨਿਆ ਹੈ:-

"ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੁਲਨਾ ਫ਼ੀਨਿਕਸ ਨਾਮ ਦੇ ਮਿਥਿਹਾਸਿਕ ਪੰਛੀ ਨਾਲ ਕੀਤੀ ਹੈ ਜੋ ਆਪਣੇ ਅੰਤਿਮ ਸਮੇਂ 'ਤੇ ਤੀਲੇ ਤਿਣਕੇ ਇਕੱਠੇ ਕਰਕੇ ਉਸਦੀ ਅੱਗ ਵਿੱਚ ਆਪਣੇ ਆਪ ਨੂੰ ਸਾੜ੍ਹ ਦਿੰਦਾ ਹੈ । ਇਸ ਤੋਂ ਬਾਅਦ ਅੱਗ ਦੀ ਰਾਖ ਵਿੱਚੋਂ ਇੱਕ ਆਂਡਾ ਨਿਕਲਦਾ ਹੈ ਜਿਸ ਤੋਂ ਫ਼ੀਨਿਕਸ ਵਰਗਾ ਹੀ ਪੰਛੀ ਪੈਦਾ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿੱਚੋਂ ਉਹਨਾਂ ਵਰਗਾ ਹੀ ਮਜ਼ਲੂਮਾਂ ਦਾ ਰੱਖਿਅਕ ਤੇ ਨਿਡਰ ਖਾਲਸਾ ਪੈਦਾ ਹੋਇਆ।"[8] ਰਤਨ ਸਿੰਘ ਭੰਗੂ ਅਨੁਸਾਰ ਉਸ ਦਿਨ ਦਿੱਲੀ ਤੋਂ ਮੁਗਲ ਹਕੂਮਤ ਦਾ ਪ੍ਰਭਾਵ ਘਟਣਾ ਸ਼ੁਰੂ ਹੋ ਗਿਆ:-

"ਤਬ ਤੇ ਘਟੀ ਪਾਤਸ਼ਾਹੀ ਦਿੱਲੀ।

ਤਬ ਤੇ ਤੁਰਕ ਕਲਾ ਪਈ ਢਿੱਲੀ।"[9]

ਔਰੰਗਜ਼ੇਬ ਸਮਝਦਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖਾਂ ਨਾਲ ਮਨੋਬਲ ਤੋੜ ਦੇਵੇਂਗੀ ਤੇ ਹਿੰਦੂਆਂ ਦਾ ਵਿਰੋਧ ਵੀ ਸ਼ਾਂਤ ਹੋ ਜਾਏਗਾ ਪਰ ਇਹ ਨਾ ਹੋਇਆ ਗੁਰੂ ਤੇਗ ਬਹਾਦਰ ਜੀ ਤਾਂ ਆਪਣੇ ਜੀਵਨ ਕਾਲ ਵਿੱਚ ਹੀ ਬਚਨ ਕਰ ਗਏ ਸਨ "ਭੈ ਕਾਹੂ ਕੋ ਦੇਤ ਨਹਿ ਨਾਹਿ ਭੈ ਮਾਨਤ ਆਨਿ' " ਗੁਰੂ ਨਾਨਕ ਸਾਹਿਬ ਦਾ ਸਿੱਖ ਤਾਂ ਸਿਰ ਤਲੀ 'ਤੇ ਰੱਖ ਕੇ ਚੱਲਣ ਵਾਲਾ ਸਿੱਖ ਹੈ। ਸਿਰਫ ਪਰਮਾਤਮਾ ਦੇ ਭੈ ਵਿੱਚ ਰਹਿਣ ਕਾਰਨ ਉਸ ਦੇ ਸਾਰੇ ਭੈ ਮਿਟ ਜਾਂਦੇ ਹਨ। ਇਹ ਨਿਡਰਤਾ ਉਸਦੇ ਸਿਦਕ ਦਾ ਆਧਾਰ ਬਣਦੀ ਹੈ।"[10] ਗੁਰੂ ਸਾਹਿਬ ਜੀ ਦੀ ਸ਼ਹੀਦੀ ਉਪਰੰਤ ਔਰੰਗਜ਼ੇਬ ਮਾਨਸਿਕ ਤੌਰ 'ਤੇ ਬੇਚੈਨ ਹੋ ਗਿਆ। ਕੰਨਘਿਮ ਦੇ ਸ਼ਬਦਾਂ ਵਿੱਚ ਲਾਸਾਨੀ ਸ਼ਹਾਦਤ ਦੇ ਉਪਰੰਤ ਸਮਾਜਿਕ ਪ੍ਰਭਾਵ ਨੂੰ ਇਸ ਤਰ੍ਹਾਂ ਬਿਆਨਦੇ ਹਨ:-

"ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਗੁਰੂ ਦੀ ਸ਼ਹਾਦਤ ਦੇ ਕਾਰਨਾਂ ਨੂੰ ਘੋਖਿਆ ਔਰੰਗਜ਼ੇਬ ਦੀ ਤੁਅੱਸਬੀ ਧਾਰਮਿਕ ਨੀਤੀ ਨੂੰ ਪੇਖਿਆ, ਤਜ਼ਰਬੇ, ਸੂਝ ਅਤੇ ਸਿਆਣਪ ਨੇ ਉਹਨਾਂ 'ਤੇ ਪ੍ਰਗਟ ਕਰ ਦਿੱਤਾ ਕਿ ਉਹ ਆਪਣੇ ਹਮ ਵਤਨਾਂ ਨੂੰ ਮੁੜ ਨਵੇਂ ਸਿਰਿਓਂ ਉਠਾਉਣ ਤੇ ਗੁਰੂ ਨਾਨਕ ਦੇ ਮੋਟੇ ਅਸੂਲਾਂ ਨੂੰ ਨਿਰਣਾ-ਜਨਕ ਰੂਪ ਦੇਣ।ਐਸੀ ਰੂਹ ਫੂਕੀ ਕਿ ਨਾ ਸਿਰਫ ਸਿੱਖਾਂ ਦੇ ਮਨਾਂ ਨੂੰ ਬਦਲ ਦਿੱਤਾ ਸਗੋਂ ਹਰ ਪੱਖੋਂ ਬਲਵਾਨ ਅਤੇ ਤਗੜਾ ਕਰ ਦਿੱਤਾ। ਅਕਲ ਅਤੇ ਸ਼ਕਲ ਦੋਵੇਂ ਹੀ ਬਦਲਾ ਦਿੱਤੀਆਂ। ਸਿੱਖ ਦੀ ਨੁਹਾਰ ਸੰਸਾਰ ਭਰ ਤੋਂ ਵੱਖਰੀ ਹੋ ਗਈ ਤੇ ਸਿੱਖ ਨੇ ਉਹ ਕਾਰਨਾਮੇ ਕਰ ਦਿਖਾਏ ਜੋ ਕਿਸੇ ਕੌਮ ਕੋਲੋਂ ਨਾ ਹੋ ਸਕੇ।"[11]

ਉਪਰੋਕਤ ਵਿਸ਼ਲੇਸ਼ਣ ਦੇ ਅਧਾਰ 'ਤੇ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਧਾਰਮਿਕ ਬਰਾਬਰੀ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਦੀ ਇੱਕ ਅਦੁੱਤੀ ਸ਼ਹਾਦਤ ਸੀ 'ਪ੍ਰਗਟ ਭਏ ਗੁਰੂ ਤੇਗ ਬਹਾਦਰ, ਸਗਲ ਸ੍ਰਿਸ਼ਟ ਪੈ ਢਾਪੀ ਚਾਦਰ', 'ਧਰਮ ਹੇਤ ਕੀਤਾ ਗਿਆ ਅਜਿਹਾ ਸਾਕਾ ਜੋ ਠੀਕਰ ਫੋਰਿ ਦਲੀਲ ਦਿਲੀਸ ਸਿਰ' ਵਾਲੀ ਇਤਿਹਾਸਿਕ ਘਟਨਾ ਬਣ ਗਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਪੱਖ ਤੋਂ ਵੀ ਮਹੱਤਵਪੂਰਨ ਹੈ ਕਿ ਉਹ ਨਾ ਤਾਂ ਤਿਲਕ ਜਨੇਊ ਧਾਰਨ ਕਰਦੇ ਸਨ ਤੇ ਨਾ ਹੀ ਇਸ ਵਿੱਚ ਉਹਨਾਂ ਦਾ ਵਿਸ਼ਵਾਸ ਸੀ। ਪ੍ਰੰਤੂ ਫਿਰ ਵੀ ਉਹਨਾਂ ਨੇ ਧਾਰਮਿਕ ਅਨਿਆ ਅਤੇ ਜ਼ੁਲਮ ਨੂੰ ਵੰਗਾਰਦੇ ਹੋਏ ਧਾਰਮਿਕ ਵਿਸ਼ਵਾਸ ਲਈ ਸ਼ਹੀਦੀ ਪਾ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਭਾਰਤੀ ਇਤਿਹਾਸ ਵਿੱਚ ਵਿਲੱਖਣ ਸਥਾਨ ਰੱਖਦੀ ਹੋਈ ਲੋਕ ਮਨਾਂ ਅੰਦਰ ਇੱਕ ਨਵੀਂ ਰੂਹ ਫੂਕਦੀ ਹੈ। ਗੁਰੂ ਸਾਹਿਬ ਦੀ ਸ਼ਹਾਦਤ ਕੌਮ ਵਿੱਚ ਚੰਗਿਆੜੀ ਪੈਦਾ ਕਰਦੀ ਹੈ, ਇਸ ਤੋਂ ਉਪਰੰਤ ਦਿਸ਼ਾਹੀਣ ਹੋਈ ਲੋਕਾਈ ਅੰਦਰ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਨਿਰਭੈ ਤੇ ਨਿਡਰਤਾ ਦਾ ਵਿਕਾਸ ਹੁੰਦਾ ਹੈ। ਇਤਿਹਾਸ ਵਿੱਚ ਇੱਕੋ ਇੱਕ ਸ਼ਖਸ਼ੀਅਤ ਹੈ ਜਿਸ ਨੇ ਦੂਸਰੇ ਦੇ ਧਰਮ ਨੂੰ ਬਚਾਉਣ ਹਿੱਤ ਆਪਣੇ ਸਿਰ ਦਾ ਬਲੀਦਾਨ ਦੇ ਦਿੱਤਾ। ਗੁਰੂ ਸਾਹਿਬ ਦੀ ਸ਼ਹਾਦਤ ਮਨੁੱਖਤਾ ਨੂੰ ਸੁਨੇਹਾ ਦਿ. ਦੀ ਹੈ ਕਿ ਜ਼ੁਲਮ ਦੇ ਅੱਗੇ ਨਹੀਂ ਝੁਕਣਾ । ਗੁਰੂ ਸਾਹਿਬ ਦੀ ਸ਼ਹਾਦਤ ਸਮਾਜ ਦੇ ਨਿਮਾਣੇ, ਨਿਤਾਣੇ ਅਤੇ ਕਮਜ਼ੋਰ ਸਮਝੇ ਜਾਂਦੇ ਵਰਗਾਂ ਵਿੱਚ ਅਣਖ ਅਤੇ ਆਜ਼ਾਦੀ ਨਾਲ ਮੜਕ ਨਾਲ ਜੀਵਨ ਜਿਊਣ ਦੇ ਬੀਜ ਬੀਜਦੀ ਹੈ। ਗੁਰੂ ਸਾਹਿਬ ਦੀ ਬਾਣੀ, ਸਿੱਖਿਆਵਾਂ ਤੇ ਯਾਤਰਾਵਾਂ ਲੋਕ ਮਨਾਂ ਦੇ ਅੰਦਰ ਗਹਿਰਾ ਪ੍ਰਭਾਵ ਛੱਡਦੀਆਂ ਹਨ ਅਤੇ ਉਹਨਾਂ ਦੇ ਇਰਾਦੇ ਦੇ ਮਨੋਬਲ ਨੂੰ ਉੱਚਾ ਚੁੱਕਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ :-**

1. ਪੰਜਾਬੀ ਯੂਨੀਵਰਸਿਟੀ ਪੰਜਾਬੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।
2. ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਗ ।। ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ।।
3. Transformation of Sikhism, Third Edition, P. 115.
4. Ibid , P. 116.
5. Evolution of the Khalsa, Vol. II, Second Edition ,P. 63.
6. Ten Masters, P. 96.
7. History of the Sikhs, Printed in 1918,P. 66.
8. ਪ੍ਰਿੰ. ਸਤਿਬੀਰ ਸਿੰਘ, ਇਤਿ ਜਿਨਿ ਕਰੀ, ਪੰਨਾ 186.
9. ਸ੍ਰੀ ਗੁਰੂ ਪੰਥ ਪ੍ਰਕਾਸ਼, ਜੀਤ ਸਿੰਘ ਸ਼ੀਤਲ, (ਡਾ.) (ਸੰਪਾ.) ਪੰਨਾ-69.
10. ਡਾ. ਸਤਿੰਦਰ ਪਾਲ ਸਿੰਘ, ਖ਼ਾਲਸਾ ਅਖ਼ਬਾਰ, ਜਨਵਰੀ 4, 2026.
11. ਪ੍ਰਿੰ. ਸਤਿਬੀਰ ਸਿੰਘ, ਇਤਿ ਜਿਨਿ ਕਰੀ, ਪੰਨਾ- 188.


© Copyright @ Authors